# Patent Published by Mr. Neeraj Virdi, Assistant Professor in Department of Chemistry



## ਖ਼ਾਲਸਾ ਕਾਲਜ ਦੇ ਸਹਾਇਕ ਪ੍ਰੋਫੈਸਰ ਨੀਰਜ ਵਿਰਦੀ ਦਾ ਪੇਟੈਂਟ ਪ੍ਰਕਾਸ਼ਿਤ

ਪੈਗ਼ਾਮ-ਏ-ਜਗਤ/ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਕੈਮਿਸਟਰੀ ਵਿਭਾਗ ਨੂੰ ਮਹੱਤਵਪੂਰਨ ਅਕਾਦਮਿਕ ਪ੍ਰਾਪਤੀ ਮਿਲੀ ਹੈ।

ਕਾਲਜ ਦੇ ਕਮਿਸਟਰੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਨੀਰਜ ਵਿਰਦੀ ਦਾ ਖੋਜ ਸਬੰਧੀ ਪੇਟੈਂਟ ਭਾਰਤੀ ਪੇਟੈਂਟ ਦਫ਼ਤਰ ਦੇ ਪੇਟੈਂਟ ਜਰਨਲ ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਖੋਜ ਵਿਚ ਤ ਪੌਦਿਆਂ ਦੇ ਅਰਕ ਰਾਹੀਂ ਹਰੇ ਭਰੇ ਤਰੀਕੇ ਨਾਲ ਨੈਨੋਮੈਟਰੀਅਲ ਤਿਆਰ ਕਰਨ ਦੀ ਤਕਨੀਕ ਦਰਸਾਈ ਗਈ ਹੈ ਜੋ ਬਾਇਓਮੈਡੀਕਲ, ਡਾਇਗਨੋਸਟਿਕ ਅਤੇ ਫਾਰਮਾਸਿਊਟਿਕਲ ਖੇਤਰਾਂ ਵਿਚ ਉਪਯੋਗੀ ਸਾਬਤ ਹੋ ਸਕਦੀ ਹੈ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਇਸ ਪ੍ਰਾਪਤੀ ਲਈ ਪ੍ਰੋ. ਨੀਰਜ ਵਿਰਦੀ ਨੂੰ ਵਧਾਈ ਦਿੰਦਿਆ ਕਿਹਾ ਕਿ ਖੋਜ ਕਿਰਿਆਂਵਾਂ ਰਾਹੀਂ ਸਿੱਖਿਆ ਸੰਸਥਾਵਾਂ ਦੀ ਅਕਾਦਮਿਕ ਖੇਤਰ ਨੂੰ ਮਜ਼ਬੂਤੀ ਦਿੰਦੀਆਂ ਹਨ। ਕੈਮਿਸਟਰੀ ਵਿਭਾਗ ਦੇ ਮੁੱਖ ਡਾ. ਮੁਕੇਸ਼ ਸ਼ਰਮਾ ਨੇ ਇਸ ਉਪਲਬਧੀ ਨੂੰ ਵਿਭਾਗ ਲਈ ਸ਼ਲਾਘਾਯੋਗ ਪ੍ਰਾਪਤੀ ਦੱਸਿਆ। ਕਾਲਜ ਸਟਾਫ਼ ਨੇ ਪ੍ਰੋ. ਨੀਰਜ ਵਿਰਦੀ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।